Punjabi - Number 34
February 2018

# ਐਚ ਟੀ ਐਲ ਵੀ –1 ਵਾਇਰਸ
## HTLV-1 Virus

### ਐਚ ਟੀ ਐਲ ਵੀ –1 (HTLV-1) ਕੀ ਹੈ?

ਹਿਊਮਨ ਟੀ ਲਿੰਫੋਟ੍ਰੋਫਿਕ ਵਾਇਰਸ ਟਾਇਪ 1 (HTLV -1) ਇੱਕ ਅਜਿਹਾ ਰੇਟ੍ਰੋਵਾਇਰਸ ਹੈ ਜਿਹੜਾ ਮਨੁੱਖੀ ਸਫੇਦ ਬਲੱਡ ਸੈਲਾਂ ਨੂੰ ਵਿਗਾੜਗ੍ਰਸਤ ਕਰਦਾ ਹੈ। ਇਸ ਕਰਕੇ ਤੰਤੂ ਪ੍ਰਣਾਲੀ (nervous system) ਜਾਂ ਲੂਕੀਮੀਆ (leukemia) ਦੀ ਬੀਮਾਰੀ ਹੋ ਸਕਦੀ ਹੈ।

### ਕੀ ਇਹ ਨਵੀਂ ਬੀਮਾਰੀ ਹੈ?

ਨਹੀਂ। ਇਸ ਬੀਮਾਰੀ ਦਾ ਵਰਨਣ ਸਭ ਤੋਂ ਪਹਿਲਾਂ 1980 ਵਿੱਚ ਕੀਤਾ ਗਿਆ ਸੀ ਅਤੇ ਇਸ ਦੀ ਪਛਾਣ ਦੁਨੀਆਂ ਭਰ ਵਿੱਚ ਕੀਤੀ ਗਈ ਹੈ।

ਐਚ ਟੀ ਐਲ ਵੀ –1 (HTLV-1) ਜਪਾਨ ਅਤੇ ਪੱਛਮੀ ਪੈਸੇਫਿਕ ਖੇਤਰ ਦੇ ਦੂਸਰੇ ਮੁਲਕਾਂ, ਕਰੇਬੀਅਨ, ਪੱਛਮੀ ਅਫਰੀਕਾ ਅਤੇ ਦੱਖਣੀ ਅਮਰੀਕਾ ਵਿੱਚ ਜਿਆਦਾ ਆਮ ਹੈ। ਦੁਨੀਆਂ ਭਰ ਵਿੱਚ ਲਗਭਗ 10 ਤੋਂ 20 ਮਿਲੀਅਨ ਲੋਕ ਵਿਗਾੜਗ੍ਰਸਤ ਹਨ। ਕੈਨੇਡਾ ਵਿੱਚ ਇਹ ਵਿਰਲੀ ਹੈ, ਪਰ ਬ੍ਰਿਟਿਸ਼ ਕੁਲੰਬੀਆ ਅਤੇ ਨੂਨਾਵੂਟ ਵਿੱਚ ਕੇਸ ਪਾਏ ਗਏ ਹਨ।

### ਮੈਂ ਕਿਵੇਂ ਦੱਸ ਸਕਦਾ/ਦੀ ਹਾਂ ਕਿ ਮੈਨੂੰ ਐਚ ਟੀ ਐਲ ਵੀ –1 (HTLV-1) ਹੈ?

ਵਾਇਰਸ ਵਾਲੇ ਜਿਆਦਾਤਰ ਲੋਕਾਂ ਨੂੰ ਕੋਈ ਵੀ ਲੱਛਣ ਨਹੀਂ ਹੋਣਗੇ ਜਾਂ ਇਸ ਵਾਇਰਸ ਕਰਕੇ ਸਿਹਤ ਸੰਬੰਧੀ ਕੋਈ ਸਮੱਸਿਆਵਾਂ ਵਿਕਸਤ ਨਹੀਂ ਹੋਣਗੀਆਂ।

ਐਚ ਟੀ ਐਲ ਵੀ –1 (HTLV-1) ਨਾਲ ਵਿਗਾੜਗ੍ਰਸਤ ਹੋਣ ਵਾਲੇ 20 ਲੋਕਾਂ ਵਿੱਚੋਂ ਲਗਭਗ 1 ਵਿੱਚ ਉਨ੍ਹਾਂ ਦੇ ਜੀਵਨ ਵਿੱਚ ਕਿਸੇ ਵੇਲੇ ਐਚ ਟੀ ਐਲ ਵੀ –1 (HTLV-1) ਨਾਲ ਸੰਬੰਧਤ ਬੀਮਾਰੀ ਨਾਲ ਬੀਮਾਰ ਹੋਣਗੇ। ਬੀਮਾਰੀ ਆਮਤੌਰ ਤੇ ਵਿਗਾੜਗ੍ਰਸਤ ਹੋ ਜਾਣ ਤੋਂ ਕਈ ਦਹਾਕਿਆਂ ਬਾਅਦ ਤੱਕ ਨਹੀਂ ਵਾਪਰਦੀ।

ਬੀਮਾਰ ਹੋਣ ਵਾਲੇ ਲੋਕ ਕੈਂਸਰ ਦੀ ਇੱਕ ਵਿਰਲੀ ਕਿਸਮ ਜਿਸ ਨੂੰ ਅਡਲਟ ਟੀ-ਸੈਲ ਲੁਕੀਮੀਆ / ਲਿੰਫੋਮਾ (ਏਟੀਐਲਐਲ) (Adult T-cell leukemia/lymphoma (ATLL)) ਵਿਕਸਤ ਕਰ ਸਕਦੇ ਹਨ, ਜਾਂ ਰੀੜ੍ਹ ਦੀ ਹੱਡੀ ਦੀ ਸੋਜਸ਼ ਹੋ ਸਕਦੀ ਹੈ ਜਿਸ ਕਰਕੇ ਲੱਤਾਂ ਵਿੱਚ ਕਮਜ਼ੋਰੀ, ਪਿੱਠ ਦਰਦ, ਮਸਾਨੇ (bladder) ਤੇ ਕਾਬੂ ਦੀ ਕਮੀ ਜਾਂ ਕਬਜ਼ ਹੋ ਜਾਂਦੀ ਹੈ।

ਇਹ ਪੁਸ਼ਟੀ ਕਰਨ ਲਈ ਕਿ ਤੁਹਾਨੂੰ ਐਚ ਟੀ ਐਲ ਵੀ –1 (HTLV-1) ਹੈ, ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਖ਼ੂਨ ਦੇ ਟੈਸਟ ਲਈ ਭੇਜ ਸਕਦਾ ਹੈ।

### ਵਾਇਰਸ ਕਿਵੇਂ ਫੈਲਦਾ ਹੈ?

ਐਚ ਟੀ ਐਲ ਵੀ –1 (HTLV-1) ਇੱਕ ਵਿਗਾੜਗ੍ਰਸਤ ਵਿਅਕਤੀ ਤੋਂ ਦੂਸਰੇ ਲੋਕਾਂ ਤੱਕ ਇੰਨਾਂ ਦੁਆਰਾ ਫੈਲਦੀ ਹੈ:

- ਸੂਈਆਂ, ਸਰਿੰਜਾਂ ਜਾਂ ਟੀਕੇ ਦੁਆਰਾ ਨਸ਼ੇ ਲਗਾਏ ਜਾਣ ਲਈ ਵਰਤੇ ਜਾਣ ਵਾਲਾ ਸਮਾਨ ਸਾਂਝਾ ਕਰਨਾ
- ਲਿੰਗੀ ਸੰਪਰਕ। ਸਬੂਤ ਦਿਖਾਉਂਦੇ ਹਨ ਕਿ ਵਾਇਰਸ ਇੱਕ ਮਰਦ ਤੋਂ ਔਰਤ ਤੱਕ, ਇੱਕ ਔਰਤ ਤੋਂ ਮਰਦ ਤੱਕ ਦੇ ਬਜਾਏ ਜਿਆਦਾ ਅਸਾਨੀ ਨਾਲ ਫੈਲਦਾ ਹੈ। ਵਾਇਰਸ 40 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਜਿਆਦਾ ਆਮ ਵੀ ਹੈ
- ਜਨਮ ਦੇਣਾ ਜਾਂ ਬੱਚੇ ਨੂੰ ਦੁੱਧ ਪਿਲਾਉਣਾ। ਐਚ ਟੀ ਐਲ ਵੀ –1 (HTLV-1) ਨਾਲ ਵਿਗਾੜਗ੍ਰਸਤ ਮਾਵਾਂ ਵਿੱਚੋਂ ਲਗਭਗ ਇੱਕ ਚੌਥਾਈ ਜਨਮ ਸਮੇਂ ਜਾਂ ਦੁੱਧ ਪਿਲਾਉਣ ਦੁਆਰਾ ਉਨ੍ਹਾਂ ਦੇ ਬੱਚਿਆਂ ਨੂੰ ਵਾਇਰਸ ਦਾ ਸੰਚਾਰ ਕਰ ਸਕਦੀਆਂ ਹਨ, ਖਾਸ ਕਰਕੇ ਜੇ ਉਹ 6 ਮਹੀਨੇ ਜਾਂ ਉਸ ਤੋਂ ਵੱਧ ਲਈ ਦੁੱਧ ਪਿਲਾਉਂਦੀਆਂ ਹਨ

### ਜੇ ਮੈਨੂੰ ਐਚ ਟੀ ਐਲ ਵੀ –1 (HTLV-1) ਹੈ ਤਾਂ ਕੀ ਮੈਨੂੰ ਬੱਚੇ ਨੂੰ ਦੁੱਧ ਪਿਲਾਉਣਾ ਚਾਹੀਦਾ ਹੈ?

ਜੇ ਤੁਸੀਂ ਐਚ ਟੀ ਐਲ ਵੀ –1 (HTLV-1) ਨਾਲ ਵਿਗਾੜਗ੍ਰਸਤ ਹੋ ਤਾਂ ਤੁਹਾਨੂੰ ਬਚੇ ਨੂੰ ਦੁੱਧ ਨਹੀਂ ਪਿਲਾਉਣਾ ਚਾਹੀਦਾ। ਵਰਨਾ, ਬੱਚੇ ਨੂੰ ਦੁੱਧ ਪਿਲਾਉਣ ਦੀ ਪ੍ਰਬਲ ਸਿਫਾਰਸ਼ ਕੀਤੀ ਜਾਂਦੀ ਹੈ। ਦੁੱਧ ਪਿਲਾਉਣ ਬਾਰੇ ਹੋਰ ਜਾਣਕਾਰੀ ਲਈ, HealthLinkBC File #70 ਦੁੱਧ ਚੁੰਘਾਉਣਾ ਦੇਖੋ।

### ਮੈਂ ਐਚ ਟੀ ਐਲ ਵੀ –1 (HTLV-1) ਨਾਲ ਵਿਗਾੜ ਦੇ ਵਿਰੁੱਧ ਆਪਣੀ ਰੱਖਿਆ ਕਿਵੇਂ ਕਰ ਸਕਦਾ/ਦੀ ਹਾਂ?

ਤੁਸੀਂ ਇਹ ਚੀਜ਼ਾਂ ਕਰਕੇ ਐਚ ਟੀ ਐਲ ਵੀ –1 (HTLV-1) ਨਾਲ ਵਿਗਾੜਗ੍ਰਸਤ ਹੋਣ ਤੋਂ ਆਪਣੀ ਰੱਖਿਆ ਕਰ ਸਕਦੇ ਹੋ:

- ਕਦੇ ਵੀ ਸੂਈਆਂ, ਸਰਿੰਜਾਂ ਜਾਂ ਨਸ਼ੇ ਦੇ ਟੀਕੇ ਲਗਾਉਣ ਵਾਲਾ ਸਮਾਨ ਸਾਂਝਾ ਨਾ ਕਰਨਾ

- ਹਰ ਵਾਰੀ ਯੋਨੀ, ਗੁਦੇ ਜਾਂ ਮੌਖਿਕ ਸੰਭੋਗ ਕਰਨ ਸਮੇਂ ਕੌਂਡਮ ਵਰਤਣਾ

ਐਚ ਟੀ ਐਲ ਵੀ –1 (HTLV-1) ਰੋਜ਼ ਦੇ ਆਮ ਸੰਪਰਕਾਂ ਜਿਵੇਂ ਕਿ ਚੁੰਮਣ, ਟਾਇਲਟ ਵਰਤਣ ਜਾਂ ਭੋਜਨ ਬਣਾਉਣ, ਦੁਆਰਾ ਨਹੀਂ ਫੈਲਦੀ। ਬੀਮਾਰੀ ਦੇ ਫੈਲਣ ਲਈ, ਖ਼ੂਨ ਦੇ ਨਾਲ ਖ਼ੂਨ ਦਾ ਸੰਪਰਕ ਜਾਂ ਅਸੁਰੱਖਿਅਤ ਲਿੰਗੀ ਸੰਭੋਗ ਜਰੂਰੀ ਹੈ।

## ਕੀ ਐਚ ਟੀ ਐਲ ਵੀ –1 (HTLV-1) ਵਿਗਾੜ ਲਈ ਕੋਈ ਇਲਾਜ ਹੈ?

ਇਸ ਸਮੇਂ ਤੇ ਅਜਿਹਾ ਕੋਈ ਇਲਾਜ ਨਹੀਂ ਹੈ ਜੋ ਤੁਹਾਡੇ ਇੱਕ ਵਾਰੀ ਵਿਗਾੜਗ੍ਰਸਤ ਹੋਣ ਤੋਂ ਬਾਅਦ ਵਾਇਰਸ ਨੂੰ ਖਤਮ ਕਰੇਗਾ। ਪਰ, ਵਿਗਾੜਗ੍ਰਸਤ ਹੋਣ ਵਾਲਿਆਂ ਵਿੱਚੋਂ ਕੇਵਲ ਲਗਭਗ 5 ਪ੍ਰਤੀਸ਼ਤ ਲੋਕ ਹੀ ਉਨਾਂ ਦੇ ਵਿਗਾੜ ਕਰਕੇ ਕੋਈ ਵੀ ਬੀਮਾਰੀ ਵਿਕਸਤ ਕਰਦੇ ਹਨ। ਪਰ, ਬੀਮਾਰੀਆਂ, ਜਿਵੇਂ ਕਿ ਏਟੀਐਲਐਲ (ATLL), ਵਿਕਸਤ ਕਰਨ ਵਾਲਿਆਂ ਲਈ, ਕੁਝ ਇਲਾਜ ਉਪਲਬਧ ਹਨ।

## ਕੀ ਖ਼ੂਨ ਬਦਲਣ ਕਰਕੇ ਮੈਨੂੰ ਐਚ ਟੀ ਐਲ ਵੀ –1 (HTLV-1) ਹੋ ਸਕਦਾ ਹੈ?

ਕਨੇਡੀਅਨ ਬਲੱਡ ਸੇਵਾਵਾਂ (ਪਹਿਲਾਂ ਕਨੇਡੀਅਨ ਰੈਡ ਕ੍ਰਾਸ) ਅਪ੍ਰੈਲ 1990 ਤੋਂ ਖ਼ੂਨ ਦੇ ਸਾਰੇ ਦਾਨਾਂ ਨੂੰ ਐਚ ਟੀ ਐਲ ਵੀ –1 (HTLV-1) ਲਈ ਸਕ੍ਰੀਨ ਕਰਦੇ ਆ ਰਹੇ ਹਨ ਅਤੇ ਖ਼ੂਨ ਦੇ ਬਦਲਣ ਰਾਹੀਂ ਐਚ ਟੀ ਐਲ ਵੀ –1 (HTLV-1) ਦੇ ਸੰਚਾਰ ਨੂੰ ਕੈਨੇਡਾ ਵਿੱਚ ਅਸਲੀ ਤੌਰ ਤੇ ਖਤਮ ਕਰ ਦਿੱਤਾ ਗਿਆ ਹੈ।

## ਕੀ ਮੈਨੂੰ ਟੈਸਟ ਕਰਵਾਉਣਾ ਚਾਹੀਦਾ ਹੈ?

ਨਹੀਂ, ਜਦੋਂ ਤੱਕ ਕਿ ਤੁਹਾਨੂੰ ਐਚ ਟੀ ਐਲ ਵੀ –1 (HTLV-1) ਨਾਲ ਸੰਬੰਧਤ ਬੀਮਾਰੀ ਹੈ ਜਿਸ ਲਈ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਸੋਚਦਾ ਹੈ ਕਿ ਟੈਸਟ ਕੀਤੇ ਜਾਣ ਦੀ ਲੋੜ ਹੈ, ਜਾਂ ਤੁਹਾਡਾ ਸੰਪਰਕ ਗਿਆਤ ਕੇਸ ਦੇ ਨਾਲ ਹੋਇਆ ਹੋਏ।

BC Centre for Disease Control
An agency of the Provincial Health Services Authority